# MINUTES OF MEETING OF EXPERT GROUP

**DATE** 26-04-2016

**VENUE** PRBDB COMMITTEE ROOM , MOHALI

**ਮੀਟਿੰਗ ਵਿੱਚ ਹਾਜ਼ਿਰ ਸਹਿਬਾਨ:-**

| | |
|---|---|
| **ਪ੍ਰੋ: ਰਾਜੇਸ਼ ਗਿੱਲ** | **ਚੇਅਰਪਰਸਨ** |
| **ਪ੍ਰੋ: ਰਮਨਜੀਤ ਕੌਰ ਜ਼ੌਹਲ** | **ਮੈਂਬਰ** |
| **ਸ਼੍ਰੀ ਕੁਲਵੰਤ ਸਿੰਘ** | **ਮੈਂਬਰ, ਪੰਚਾਇਤ ਡੇਹਲੋਂ** |
| **ਸ਼੍ਰੀ ਰਮਨਦੀਪ ਸਿੰਘ** | **ਮੈਂਬਰ, ਪੰਚਾਇਤ ਰੁੜਕਾ, ਡੇਹਲੋਂ ਲੁਧਿਆਣਾ** |
| **ਸ਼੍ਰੀ ਮਨਜੀਤ ਸਿੰਘ** | **ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ: 3, ਲੁਧਿਆਣਾ** |

1) Expert Group ਨੇ ਇਹ ਸਹਿਮਤੀ ਦਿੱਤੀ ਕਿ ਇਹ ਪ੍ਰੋਜੈਕਟ ਲੋਕ ਮੰਤਵ ਲਈ ਹੈ ।

2) ਡੇਹਲੋ ਬਾਈਪਾਸ ਸੜ੍ਹਕ ਦੇ ਲਈ ਤਿੰਨ ਵਿਕਲਪ ਦੀ study ਕੀਤੀ ਗਈ ਸੀ, ਪ੍ਰਸਤਾਵਿਤ ਵਿਕਲਪ (ਪੂਰਬੀ ਦਿਸ਼ਾ) ਸਭ ਤੋਂ ਢੁੱਕਵਾਂ ਪਾਇਆ ਗਿਆ।

3) ਇਸ ਪ੍ਰੋਜੈਕਟ ਦਾ ਸੰਭਾਵਿਤ ਲਾਭ ਸਮਾਜਿਕ ਲਾਗਤ ਅਤੇ ਪ੍ਰਤੀਕੂਲ ਸਮਾਜਿਕ ਪ੍ਰਭਾਵ ਦੀ ਤੁਲਨਾ ਨਾਲੋਂ ਬਹੁਤ ਜ਼ਿਆਦਾ ਹੈ।

4) ਪੰਚਾਇਤ ਮੈਂਬਰਾਂ ਨੇ ਸੁਝਾਅ ਦਿੱਤਾ ਕਿ ਜਿੱਥੇ ਵੀ ਸੜ੍ਹਕ ਦਾ ਲੈਵਲ ਉੱਚਾ ਚੁੱਕਿਆ ਜਾਣਾ ਹੈ ਸੜ੍ਹਕ ਦੀ ਉਚਾਈ ਜ਼ਿਆਦਾ ਨਾ ਚੁੱਕੀ ਜਾਵੇ ਤੇ ਪਾਣੀ ਦੇ ਨਿਕਾਸ ਦਾ ਲੈਵਲ ਵੀ ਠੀਕ ਰੱਖਿਆ ਜਾਵੇ। ਵਿਭਾਗ ਵੱਲੋ ਇਨ੍ਹਾਂ ਸੁਝਾਵਾਂ ਤੇ ਅਮਲ ਕਰਨ ਦੀ ਤਸੱਲੀ ਦਿੱਤੀ ਗਈ।

5) Expert Group ਵੱਲੋਂ ਇਹ ਸੁਝਾਅ ਪੇਸ਼ ਕੀਤਾ ਗਿਆ ਅਤੇ ਬਾਕੀ ਸਭ ਨੇ ਸਹਿਮਤੀ ਪ੍ਰਗਟ ਕੀਤੀ ਕਿ ਜਿੱਥੇ ਵੀ ਉਸਾਰੀ ਦੇ ਦੌਰਾਨ ਖੜ੍ਹੀ ਫਸਲ ਦਾ ਨੁਕਸਾਨ ਹੋਵੇਗਾ ਖੜ੍ਹੀ ਫਸਲ ਦੇ ਹਿਸਾਬ ਦੇ ਨਾਲ ਯੋਗ ਮੁਆਵਜ਼ਾ ਦਿੱਤਾ ਜਾਵੇ।

6) ਮੁਆਵਜ਼ੇ ਦਾ ਪੈਸਾ ਖਰਚਣ ਦੇ ਲਈ ਦਾਵੇਦਾਰਾਂ ਨੂੰ ਬਕਾਇਦਾ ਵਿੱਤੀ ਸਲਾਹ ਮਸ਼ਵਰਾ ਦਿੱਤਾ ਜਾਵੇ ਤਾਂਕਿ ਮੁਆਵਜ਼ੇ ਦਾ ਪੈਸਾ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਰਾਏ ਤੇ ਭਲਾਈ ਦੇ ਵਾਸਤੇ ਵਰਤਿਆ ਜਾਵੇ।

7) ਵਿਸ਼ਵ ਬੈਂਕ ਦੀਆਂ Guidelines ਨੂੰ ਪੰਜਾਬੀ ਦੇ ਵਿੱਚ ਤਬਦੀਲ ਕਰਕੇ ਦਾਵੇਦਾਰਾਂ ਨੂੰ ਵੰਡੀਆਂ ਜਾਣ।

8) Expert Group ਵੱਲੋਂ ਇਹ ਸੁਝਾਅ ਦਿੱਤਾ ਗਿਆ ਜਿੱਥੇ ਕਿਤੇ ਵੀ ਮੁਸਤਰਬਾ ਖਾਤਾ ਹੈ ਜਾ ਜ਼ਮੀਨ ਕਿਸੇ ਹੋਰ ਦੀ ਮਲਕੀਅਤ ਹੈ ਤੇ ਕਬਜ਼ਾ ਕਿਸੇ ਹੋਰ ਦਾ ਹੈ ਉਸ ਹਾਲਾਤ ਵਿੱਚ ਕੁਲੈਕਟਰ ਸਾਹਿਬ ਪੰਚਾਇਤ ਦੀ ਸ਼ਮਲੀਅਤ ਨਾਲ ਇਸ ਮਸਲੇ ਨੂੰ ਹੱਲ ਕਰਨ ਉਪਰੰਤ ਯੋਗ ਮੁਆਵਜ਼ਾ ਦੇਣਾ ਯਕੀਨੀ ਬਣਾਉਣ।

9) Expert Group ਵੱਲੋਂ ਇਹ ਸੁਝਾਅ ਰੱਖਿਆ ਗਿਆ ਕਿ ਰੁੜਕਾ ਨੰਗਲ ਆਦਿ ਪਿੰਡਾਂ ਦੇ ਬੱਚੇ ਜੋਕਿ ਡੇਹਲੋਂ ਪੜ੍ਹਣ ਜਾਂਦੇ ਹਨ, ਭਵਿੱਖ ਵਿੱਚ ਉਨ੍ਹਾਂ ਨੂੰ ਸੜ੍ਹਕ ਪਾਰ ਕਰਨ ਦੀਆਂ

ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸੁਝਾਅ ਦਿੱਤਾ ਗਿਆ ਕਿ ਰੁਕੜਾ ਪਿੰਡ ਵਿੱਚ ਮਿਡਲ ਸਕੂਲ ਨੂੰ ਅਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਜਾਵੇ।

10) Expert Group ਵੱਲੋਂ ਇਹ ਸੁਝਾਅ ਰੱਖਿਆ ਗਿਆ ਕਿ ਰੁੜਕਾ ਪਿੰਡ ਵਿਖੇ ਪਸ਼ੂਆਂ ਦਾ ਹਸਪਤਾਲ ਭਵਿੱਖ ਵਿੱਚ ਬਣਾਇਆ ਜਾਵੇ।

11) Chairperson Expert Group ਨੇ ਮੀਟਿੰਗ ਵਿੱਚ ਆਏ ਹੋਏ ਮੈਂਬਰਜ਼, ਐਸ.ਐਸ.ਆਈ.ਏ.ਯੂ, ਪਟਿਆਲਾ ਅਤੇ ਪੀ.ਆਰ.ਬੀ.ਡੀ.ਬੀ ਦਾ ਧੰਨਵਾਦ ਕੀਤਾ।ਉਨ੍ਹਾਂ ਨੇ ਐਸ.ਐਸ.ਆਈ.ਏ.ਯੂ ਟੀਮ ਦੀ ਸ਼ਲਾਘਾ ਕੀਤੀ ਅਤੇ ਪੀ.ਆਰ.ਬੀ.ਡੀ.ਬੀ ਦਾ ਮੀਟਿੰਗ ਵਿੱਚ ਸਾਰੀਆਂ ਸਹੂਲਤਾਂ ਮੁਹਈਆ ਕਰਵਾਉਣ ਲਈ ਧੰਨਵਾਦ ਕੀਤਾ।

Rajesh 26/04/2016

**ਪ੍ਰੋ: ਰਾਜੇਸ਼ ਗਿੱਲ**
**ਚੇਅਰਪਰਸਨ**

R. Johal 26/04/2016

**ਪ੍ਰੋ: ਰਮਨਜੀਤ ਕੌਰ ਜ਼ੋਹਲ ,**
**ਮੈਂਬਰ**

ਸ਼੍ਰੀਮਤੀ ਜ਼ਸਨਦੀਪ ਕੌਰ,
**ਮੈਂਬਰ**

ਸ਼੍ਰੀਮਤੀ ਕਮਲਜੀਤ ਕੌਰ,
**ਮੈਂਬਰ**

ਕੁਲਵੰਤ ਸਿੰਘ

**ਸ਼੍ਰੀ ਕੁਲਵੰਤ ਸਿੰਘ,**
**ਮੈਂਬਰ**

Ramandeep Singh

**ਸ਼੍ਰੀ ਰਮਨਦੀਪ ਸਿੰਘ,**
**ਮੈਂਬਰ**

ਸ਼੍ਰੀ ਕੇ.ਐਸ.ਸਿੱਧੂ (ਰਿਟਡ ਆਈ.ਏ.ਐਸ) ਮੈਂਬਰ

ਸ਼੍ਰੀ ਸ਼ੁਦੇਸ ਕੌਲ,
ਮੈਂਬਰ

26/4/16

**ਸ਼੍ਰੀ ਮਨਜੀਤ ਸਿੰਘ**
**(ਟੈਕਨੀਕਲ ਐਕਸਪਰਟ)**